# ਦਫ਼ਤਰ ਜਿਲ੍ਹਾ ਮੈਜਿਸਟਰੇਟ,ਬਰਨਾਲਾ

(ਐਮ.ਏ.ਸ਼ਾਖਾ)

**ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਹੁਕਮ ਜਿਲ੍ਹਾ ਬਰਨਾਲਾ**

**ਹੁਕਮ ਨੰ: 374 /ਐਮ.ਏ.** **ਮਿਤੀ: 25/10 /2017**

## ਹੁਕਮ

ਮੇਰੇ ਧਿਆਨ ਵਿੱਚ ਆਇਆ ਹੈ ਕਿ ਸ਼ਹਿਰ ਬਰਨਾਲਾ ਵਿੱਚ ਦੁਕਾਨਦਾਰਾਂ ਵੱਲੋਂ ਦੁਕਾਨਾਂ ਦੇ ਬਾਹਰ ਸਮਾਨ ਰੱਖਿਆ ਜਾਂਦਾ ਹੈ ਅਤੇ ਉਸ ਉਪਰੰਤ ਗੱਡੀਆਂ ਦੀ ਪਾਰਕਿੰਗ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਟਰੈਕਟਰ-ਟਰਾਲੀਆਂ, ਟੈਂਪੂਆਂ, ਟਾਟਾ 407, ਹੈਵੀ ਟਰੱਕਾਂ ਆਦਿ ਰਾਹੀਂ ਸਮਾਨ ਦੀ ਢੋਆ-ਢੁਆਈ ਵੀ ਕੀਤੀ ਜਾਂਦੀ ਹੈ, ਜਿਸ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਅਤੇ ਸ਼ਹਿਰੀ ਟਰੈਫਿਕ ਜਾਮ ਹੋ ਜਾਂਦਾ ਹੈ।

ਇਸ ਲਈ ਮੈਂ, **ਘਣਸ਼ਿਆਮ ਥੋਰੀ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਬਰਨਾਲਾ** ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਇਹ ਹੁਕਮ ਜਾਰੀ ਕਰਦਾ ਹਾਂ ਕਿ ਦੁਕਾਨਦਾਰਾਂ ਵੱਲੋਂ ਸ਼ਹਿਰ ਬਰਨਾਲਾ ਦੇ ਸਦਰ ਬਜਾਰ/ਫਰਵਾਹੀ ਬਜਾਰ/ਹੰਡਿਆਇਆ ਬਜਾਰ ਵਿੱਚ ਅਤੇ ਕੱਚਾ ਕਾਲਿਜ ਰੋਡ/ਪੱਕਾ ਕਾਲਿਜ ਰੋਡ ਉਪਰ ਕਿਸੇ ਕਿਸਮ ਦਾ ਸਮਾਨ ਆਪਣੀ ਮਾਲਕੀ ਦੀ ਹੱਦ ਤੋਂ ਬਾਹਰ ਨਾ ਰੱਖਿਆ ਜਾਵੇ। ਸ਼ਹਿਰ ਬਰਨਾਲਾ ਦੇ ਸਦਰ ਬਜਾਰ ਵਿੱਚ ਕਿਸੇ ਵੀ ਕਿਸਮ ਦਾ ਫੋਰ-ਵੀਲ੍ਹਰ ਦਾਖਲ ਨਾ ਕੀਤਾ ਜਾਵੇ ਅਤੇ ਸਦਰ ਬਜਾਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਫੋਰ-ਵੀਲ੍ਹਰ ਦੀ ਪਾਰਕਿੰਗ ਰੇਲਵੇ ਸਟੇਸ਼ਨ, ਬਰਨਾਲਾ ਦੀ ਪਾਰਕਿੰਗ ਵਿਚ ਕੀਤੀ ਜਾਵੇ। ਫਰਵਾਹੀ ਬਜਾਰ ਅਤੇ ਹੰਡਿਆਇਆ ਬਜਾਰ ਵਿੱਚ ਫੋਰ-ਵੀਲ੍ਹਰ ਦੀ ਪਾਰਕਿੰਗ, ਪਾਰਕਿੰਗ ਲਾਈਨਾਂ ਦੇ ਅੰਦਰ ਕੀਤੀ ਜਾਵੇ। ਸਾਰੇ ਬਜਾਰਾਂ ਵਿੱਚ ਲੋਡਿੰਗ ਵਹੀਕਲਜ, ਟਰੈਕਟਰ-ਟਰਾਲੀਆਂ, ਟੈਂਪੂਆਂ, ਟਾਟਾ 407, ਹੈਵੀ ਟਰੱਕਾਂ ਆਦਿ ਦੇ ਦਾਖਲ ਹੋਣ ਦਾ ਸਮਾਂ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ ਦਾ ਹੋਵੇਗਾ। ਇਸ ਤੋਂ ਇਲਾਵਾ ਦਿਨ ਦਾ ਬਾਕੀ ਪੂਰਾ ਸਮਾਂ ਇੰਨ੍ਹਾਂ ਬਜਾਰਾਂ ਵਿੱਚ ਹੈਵੀ ਲੋਡਿੰਗ ਵਹੀਕਲਜ, ਲੋਡਿੰਗ ਟਰੈਕਟਰ-ਟਰਾਲੀਆਂ, ਟੈਂਪੂਆਂ, ਟਾਟਾ 407, ਹੈਵੀ ਟਰੱਕਾਂ ਆਦਿ ਦਾ ਦਾਖਲ ਹੋਣਾ ਪੂਰਨ ਤੌਰ ਤੇ ਵਰਜਿਤ ਰਹੇਗਾ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕਰਕੇ ਆਮ ਜਨਤਾ ਨੂੰ ਸੰਬੋਧਤ ਕੀਤਾ ਜਾਂਦਾ ਹੈ। ਸੀਨੀਅਰ ਕਪਤਾਨ ਪੁਲਿਸ, ਬਰਨਾਲਾ ਇਸ ਹੁਕਮ ਨੂੰ ਲਾਗੂ ਕਰਾਉਣ ਲਈ ਲੋੜੀਂਦੀ ਕਾਰਵਾਈ ਕਰਕੇ ਸਬੰਧਤ ਬਜਾਰਾਂ ਵਿੱਚ ਬੈਰੀਕੇਟ ਕਰਨਗੇ ਅਤੇ ਨੋ-ਐਂਟਰੀ ਦੇ ਬੋਰਡ ਸਬੰਧਤ ਬਜਾਰਾਂ ਦੀਆਂ ਮੁੱਖ ਆਵਾਜਾਈ ਸੜਕਾਂ ਪਰ ਲਗਵਾਉਣ।

ਇਹ ਹੁਕਮ ਜਿਲ੍ਹਾ ਲੋਕ ਸੰਪਰਕ ਵਿਭਾਗ, ਬਰਨਾਲਾ ਦੀ ਪ੍ਰਚਾਰ ਗੱਡੀ ਰਾਹੀਂ ਮੁਨਾਦੀ ਕਰਵਾਕੇ ਅਤੇ ਹੁਕਮ ਦੀਆਂ ਕਾਪੀਆਂ ਸਦਰ ਮੁਕਾਮਾਂ/ਉਪ ਮੰਡਲ ਮੈਜਿਸਟਰੇਟਾਂ/ਤਹਿਸੀਲਦਾਰਾਂ/ਬੀ.ਡੀ.ਪੀ.ਓਜ ਦੇ ਦਫ਼ਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਬਰਨਾਲਾ ਦੀਆਂ ਉਘੀਆਂ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

**ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ, ਜੋ ਮਿਤੀ:26/10/2017 ਤੋਂ ਲੈਕੇ ਮਿਤੀ:25/12/2017 ਤੱਕ ਜਿਲ੍ਹਾ ਬਰਨਾਲਾ ਅੰਦਰ ਲਾਗੂ ਰਹੇਗਾ।**

ਜਿਲ੍ਹਾ ਮੈਜਿਸਟਰੇਟ ਬਰਨਾਲਾ

**ਘਣਸ਼ਿਆਮ ਥੋਰੀ,** ਆਈ.ਏ.ਐਸ.
**ਜਿਲ੍ਹਾ ਮੈਜਿਸਟਰੇਟ,ਬਰਨਾਲਾ।**

**ਪਿੱਠ ਅੰਕਣ ਨੰ: 14846-14905/ਐਮ.ਏ** **ਮਿਤੀ: 25/10 /2017**

**ਉਪਰੋਕਤ ਦਾ ਇੱਕ ਉਤਾਰਾ ਹੇਠਾਂ ਦਰਜ ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਘੱਲਿਆ ਜਾਂਦਾ ਹੈ:**

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਚੰਡੀਗੜ੍ਹ।
3) ਕਮਿਸ਼ਨਰ ਪਟਿਆਲਾ ਮੰਡਲ, ਪਟਿਆਲਾ।
4) ਸਕੱਤਰ ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ, ਚੰਡੀਗੜ੍ਹ।
5) ਡੀ.ਆਈ.ਜੀ (ਸੀ.ਆਈ.ਡੀ) ਪੰਜਾਬ, ਚੰਡੀਗੜ/ਡੀ.ਆਈ.ਜੀ, ਪੁਲਿਸ ਰੇਂਜ ਪਟਿਆਲਾ।
6) ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ/ਫਿਰੋਜਪੁਰ/ਲੁਧਿਆਣਾ/ਜਲੰਧਰ/ਅੰਮ੍ਰਿਤਸਰ/ਕਪੂਰਥਲਾ/ਹੁਸ਼ਿਆਰਪੁਰ/ਪਟਿਆਲਾ/ਮਾਨਸਾ/ਮੁਕਤਸਰ/ਮੋਗਾ/ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) /ਫਤਿਹਗੜ੍ਹ ਸਾਹਿਬ/ਸੰਗਰੂਰ/ਗੁਰਦਾਸਪੁਰ/ਫਾਜ਼ਿਲਕਾ/ਪਠਾਨਕੋਟ/ ਰੂਪਨਗਰ/ਬਠਿੰਡਾ/ਅਜੀਤਗੜ੍ਹ(ਐਸ.ਏ.ਐਸ.ਨਗਰ-ਮੋਹਾਲੀ)/ਤਰਨਤਾਰਨ।
7) ਜਿਲ੍ਹਾ ਅਤੇ ਸ਼ੈਸ਼ਨ ਜੱਜ, ਬਰਨਾਲਾ।
8) ਸੀਨੀਅਰ ਕਪਤਾਨ ਪੁਲਿਸ, ਬਰਨਾਲਾ/ਜਿਲ੍ਹਾ ਟਰੈਫਿਕ ਇੰਚਾਰਜ, ਦਫ਼ਤਰ ਐਸ.ਐਸ.ਪੀ. ਬਰਨਾਲਾ।
9) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ।
10) ਜਿਲ੍ਹਾ ਅਟਾਰਨੀ (ਲੀਗਲ) ਬਰਨਾਲਾ।
11) ਜਿਲ੍ਹਾ ਮਾਲ ਅਫ਼ਸਰ, ਬਰਨਾਲਾ/ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ, ਬਰਨਾਲਾ।
12) ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ।
13) ਤਹਿਸੀਲਦਾਰ ਬਰਨਾਲਾ/ਤਪਾ, ਨਾਇਬ ਤਹਿਸੀਲਦਾਰ ਬਰਨਾਲਾ/ਤਪਾ/ਧਨੌਲਾ/ਮਹਿਲਕਲਾਂ/ਭਦੌੜ।
14) ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ (ਬੀ.ਡੀ.ਪੀ.ਓ.), ਬਰਨਾਲਾ/ਸ਼ਹਿਣਾ/ਮਹਿਲਕਲਾਂ।
15) ਕਾਰਜ ਸਾਧਕ ਅਫਸਰ, ਨਗਰ ਕੌਂਸਲ, ਬਰਨਾਲਾ/ਤਪਾ/ਧਨੌਲਾ/ਭਦੌੜ ਅਤੇ ਨਗਰ ਪੰਚਾਇਤ ਹੰਡਿਆਇਆ।
16) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰ/ਐਲੀਂ) ਬਰਨਾਲਾ।
17) ਜਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ ਪਾਸ ਪ੍ਰੈੱਸ ਨੋਟ ਜਾਰੀ ਕਰਨ ਅਤੇ ਪ੍ਰਚਾਰ/ਮੁਨਾਦੀ ਕਰਕੇ ਰਿਪੋਰਟ ਭੇਜਣ ਹਿੱਤ।
18) ਪੀ.ਏ.ਟੂ ਡੀ.ਐਮ./ਸਟੈਨੋਗਰਾਫਰ ਟੂ ਏ.ਡੀ.ਐਮ/ਏ.ਸੀ.(ਜ/ਸ਼ਿਕ) ਦਫ਼ਤਰ ਹਜਾ ਪਾਸ ਅਫ਼ਸਰ ਸਹਿਬਾਨ ਦੀ ਜਾਣਕਾਰੀ ਹਿੱਤ।

24/10/17

**ਵਾ: ਜਿਲ੍ਹਾ ਮੈਜਿਸਟਰੇਟ**
**ਬਰਨਾਲਾ।**